**4. ਕੀ ਹਰ ਨੇਤਰਹੀਣ ਵਿਅਕਤੀ ਨੂੰ ਕੌਰਨੀਆ ਟ੍ਰਾਂਸਪਲਾਂਟ ਤੋਂ ਫਾਇਦਾ ਹੁੰਦਾ ਹੈ?**
ਨਹੀਂ, ਸਿਰਫ ਖਰਾਬ ਜਾਂ ਬੀਮਾਰੀ ਵਾਲੇ ਕੌਰਨੀਆ ਵਾਲੇ ਲੋਕਾਂ ਨੂੰ ਹੀ ਕੌਰਨੀਆ ਟ੍ਰਾਂਸਪਲਾਂਟ ਤੋਂ ਫਾਇਦਾ ਹੋ ਸਕਦਾ ਹੈ।

**5. ਕੀ ਨਿਗ੍ਹਾ ਦੀਆਂ ਐਨਕਾਂ ਲਾਉਣ ਵਾਲੇ, ਮੋਤੀਏ ਵਾਲੇ, ਜਾਂ ਗਲੂਕੋਮਾ ਵਾਲੇ ਲੋਕ ਅੱਖ ਦਾ ਟਿਸ਼ੂ ਦਾਨ ਕਰ ਸਕਦੇ ਹਨ?**
ਸਿਹਤਮੰਦ ਕੌਰਨੀਆ ਵਾਲੇ ਲੋਕ ਆਪਣੀ ਅੱਖ ਦਾ ਟਿਸ਼ੂ ਦਾਨ ਕਰਨ ਦੇ ਯੋਗ ਹਨ। ਘੱਟ ਨਿਗ੍ਹਾ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਦਾਨੀ ਬਣਨ ਦੇ ਅਯੋਗ ਹੋ।

**6. ਕੀ ਕੈਂਸਰ ਵਾਲੇ ਲੋਕ ਆਪਣੀ ਅੱਖ ਦਾ ਟਿਸ਼ੂ ਦਾਨ ਦੇ ਸਕਦੇ ਹਨ?**
ਹਾਂ, ਕੈਂਸਰ ਵਾਲੇ ਬਹੁਤੇ ਲੋਕ ਆਪਣੀਆਂ ਅੱਖਾਂ ਦੇ ਟਿਸ਼ੂ ਦਾਨ ਦੇਣ ਦੇ ਯੋਗ ਹਨ। ਲੂਕੀਮੀਆ, ਲਿੰਫੋਮਾ, ਮਾਈਲੋਮਾ, ਜਾਂ ਅੱਖਾਂ ਦੀਆਂ ਕੁਝ ਕੈਂਸਰਾਂ ਵਾਲੇ ਲੋਕ ਦਾਨ ਨਹੀਂ ਦੇ ਸਕਦੇ।

## *ਇਕ ਪ੍ਰਾਪਤ ਕਰਤਾ ਦੀ ਕਹਾਣੀ...*

ਹੈਦਰ, 23 ਸਾਲਾਂ ਦੀ ਇਕ ਕੁੜੀ ਨੇ ਨਰਸਿੰਗ ਦੇ 4 ਸਾਲਾਂ ਦੇ ਪ੍ਰੋਗਰਾਮ ਤੋਂ ਗਰੈਜੂਏਸ਼ਨ ਕੀਤੀ ਹੀ ਸੀ ਕਿ ਅੱਖਾਂ ਦੀ ਇਕ ਬੀਮਾਰੀ ਨੇ ਉਸ ਦੀ ਨਿਗ੍ਹਾ ਇੰਨੀ ਘਟਾ ਦਿੱਤੀ ਕਿ ਉਹ ਗੱਡੀ ਨਹੀਂ ਚਲਾ ਸਕਦੀ ਸੀ, ਬੱਸ ਦੇ ਨੰਬਰ ਨਹੀਂ ਦੇਖ ਸਕਦੀ ਸੀ, ਜਾਂ ਆਪਣੀ ਜੌਬ ਨਹੀਂ ਕਰ ਸਕਦੀ ਸੀ।

ਆਪਣੀ ਕੌਰਨੀਆ ਦੀ ਸਰਜਰੀ ਤੋਂ ਬਾਅਦ ਉਸ ਨੇ ਕਿਹਾ:

*"ਜਦੋਂ ਮੇਰੀ ਪੱਟੀ ਲੱਥੀ ਤਾਂ ਮੈਂ ਕਮਰੇ ਵਿਚ ਕੰਧ ਦੇਖ ਸਕਦੀ ਸੀ। ਮੈਂ ਇਹ ਦੇਖ ਸਕਦੀ ਸੀ ਕਿ ਮੇਜ਼ ਉੱਪਰ ਕੀ ਪਿਆ ਹੈ। ਮੈਂ ਇਹ ਪਹਿਲਾਂ ਨਹੀਂ ਕਰ ਸਕਦੀ ਸੀ। ਮੇਰੇ ਮੂੰਹੋਂ ਨਿਕਲਿਆ, ਕਮਾਲ ਹੋ ਗਿਆ!!"*

*"ਪਰੇਸ਼ਾਨ ਕਰਨ ਵਾਲੀ ਚੀਜ਼ ਇਹ ਹੈ ਕਿ ਤੁਸੀਂ ਇਹ ਨਹੀਂ ਜਾਣਦੇ ਕਿ ਤੁਸੀਂ ਧੰਨਵਾਦ ਕਿਵੇਂ ਕਰਨਾ ਹੈ। ਤੁਸੀਂ ਉਨ੍ਹਾਂ ਲੋਕਾਂ ਨੂੰ ਨਹੀਂ ਜਾਣਦੇ ਜਿਨ੍ਹਾਂ ਨੇ ਇਹ ਸੰਭਵ ਬਣਾਇਆ ਹੈ। ਤੁਸੀਂ ਚਾਹੁੰਦੇ ਹੋ ਕਿ ਤੁਸੀਂ ਉਨ੍ਹਾਂ ਨੂੰ ਦੱਸ ਸਕਦੇ ਕਿ ਕਿਸੇ ਦੀ ਮੌਤ ਤੋਂ ਉਨ੍ਹਾਂ ਨੇ ਕੋਈ ਚੀਜ਼ ਚੰਗੀ ਬਣਾਈ ਹੈ। ਉਨ੍ਹਾਂ ਨੇ ਮੈਨੂੰ ਮੇਰਾ ਕੰਮ ਵਾਪਸ ਦਿਵਾ ਦਿੱਤਾ। **ਉਨ੍ਹਾਂ ਨੇ ਮੈਨੂੰ ਜ਼ਿੰਦਗੀ ਦਿੱਤੀ। ਬਹੁਤ ਬਹੁਤ ਧੰਨਵਾਦ।"***

**ਆਈ ਬੈਂਕ ਔਫ ਬ੍ਰਿਟਿਸ਼ ਕੋਲੰਬੀਆ**
**(Eye Bank of British Columbia)**
855 West 12th Avenue
JPPN-B205
Vancouver BC V5Z 1M9

ਟੈਲੀਫੋਨ: 604-875-4567
ਦੂਰੋਂ ਮੁਫਤ (ਬੀ ਸੀ ਵਿਚ): 1-800-667-2060
ਫੈਕਸ: 604-875-5316
ਵੈੱਬਸਾਈਟ: www.eyebankofbc.ca
ਈਮੇਲ: eyebankofbc@vch.ca
ਫੇਸਬੁੱਕ: http://www.facebook.com/EyeBankBC

ਹੋਰ ਕਾਪੀਆਂ ਲੈਣ ਲਈ, **http://vch.eduhealth.ca** 'ਤੇ ਔਨਲਾਈਨ ਜਾਉ ਜਾਂ **phem@vch.ca** 'ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **GV.315.Ey311.PU** ਦੱਸੋ।
ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਮਾਰਚ 2018

www.vch.ca

EYE BANK OF BRITISH COLUMBIA

# ਨਜ਼ਰ ਦਾ ਤੋਹਫਾ



## ਜਾਣ ਪਛਾਣ

ਆਈ ਬੈਂਕ ਔਫ ਬੀ ਸੀ ਸੂਬੇ ਦੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਜੋ ਕਿ ਟ੍ਰਾਂਸਪਲਾਂਟੇਸ਼ਨ, ਸਿੱਖਿਆ ਅਤੇ ਖੋਜ ਲਈ ਅੱਖਾਂ ਦੇ ਟਿਸ਼ੂ ਪ੍ਰਦਾਨ ਕਰਦੀ ਹੈ। ਅਸੀਂ ਪਰਿਵਾਰਾਂ ਨੂੰ ਆਪਣੇ ਪਿਆਰਿਆਂ ਦੀਆਂ ਅੱਖਾਂ ਦੇ ਟਿਸ਼ੂ ਦਾਨ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਾਂ।

ਕੌਰਨੀਆ ਅਤੇ ਅੱਖ ਦਾ ਚਿੱਟਾ ਹਿੱਸਾ (ਸਕਲੇਰਾ) ਅੱਖ ਦੇ ਦੋ ਹਿੱਸੇ ਹਨ ਜਿਹੜੇ ਟ੍ਰਾਂਸਪਲਾਂਟਸ ਵਿਚ ਵਰਤੇ ਜਾਂਦੇ ਹਨ। ਕੌਰਨੀਆ ਅੱਖ ਦਾ ਮੂਹਰੇ ਦਾ ਹਿੱਸਾ ਹੈ ਜਿਹੜਾ ਸਿਹਤਮੰਦ ਹੋਣ 'ਤੇ ਸਾਫ ਹੁੰਦਾ ਹੈ। ਕੌਰਨੀਆ ਦੀਆਂ ਕੁਝ ਬੀਮਾਰੀਆਂ ਨਾਲ ਅੱਖਾਂ ਦੀ ਨਿਗ੍ਹਾ ਬੰਦ ਹੋ ਜਾਂਦੀ ਹੈ ਅਤੇ ਕੌਰਨੀਆ ਦਾ ਕਾਮਯਾਬੀ ਨਾਲ ਕੀਤਾ ਗਿਆ ਟ੍ਰਾਂਸਪਲਾਂਟ ਅੱਖਾਂ ਦੀ ਰੌਸ਼ਨੀ ਨੂੰ ਨਾਟਕੀ ਢੰਗ ਨਾਲ ਵਾਪਸ ਲਿਆ ਸਕਦਾ ਹੈ। ਸਕਲੇਰਾ ਅੱਖ ਦਾ ਚਿੱਟਾ ਹਿੱਸਾ ਹੈ ਜਿਹੜਾ ਕਿ ਨਿਗ੍ਹਾ ਨਾਲ ਸੰਬੰਧਿਤ ਵੱਖ ਵੱਖ ਸਰਜਰੀਆਂ ਲਈ ਵਰਤਿਆ ਜਾ ਸਕਦਾ ਹੈ।

ਆਈ ਬੈਂਕ 75 ਸਾਲ ਦੀ ਉਮਰ ਤੱਕ ਦੇ ਦਾਨੀਆਂ ਤੋਂ ਟਿਸ਼ੂ ਪ੍ਰਵਾਨ ਕਰਦੀ ਹੈ।

ਅੱਖ ਦਾ ਟਿਸ਼ੂ ਵਿਅਕਤੀ ਦੀ ਮੌਤ ਹੋਣ ਤੋਂ ਬਾਅਦ 8 ਘੰਟਿਆਂ ਦੇ ਵਿਚ ਵਿਚ ਲਿਆ ਜਾਣਾ ਜ਼ਰੂਰੀ ਹੈ।

ਇਸ ਵੇਲੇ 400 ਨਾਲੋਂ ਜ਼ਿਆਦਾ ਬ੍ਰਿਟਿਸ਼ ਕੋਲੰਬੀਅਨ ਕੌਰਨੀਆ ਦੇ ਟ੍ਰਾਂਸਪਲਾਂਟ ਦੀ ਉਡੀਕ ਕਰ ਰਹੇ ਹਨ।

**ਇਕ ਨੇਤਰ ਦਾਨੀ ਇਸ ਤਰ੍ਹਾਂ ਮਦਦ ਕਰ ਸਕਦਾ ਹੈ:**

- ਕੌਰਨੀਆ ਟ੍ਰਾਂਸਪਲਾਂਟ ਵਾਲੇ 2 ਲੋਕਾਂ ਦੀ, ਅਤੇ
- ਅੱਖ ਦੇ ਚਿੱਟੇ ਹਿੱਸੇ ਦੇ ਟ੍ਰਾਂਸਪਲਾਂਟ ਵਾਲੇ 6 ਤੱਕ ਲੋਕਾਂ ਦੀ

**ਪੈਨੀਟਰੇਟਿੰਗ ਕੈਰੋਟੋਪਲਾਸਟੀ**




## ਮੈਂ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

ਨੇਤਰ ਦਾਨੀ ਬਣਨ ਬਾਰੇ ਵਿਚਾਰ ਕਰੋ।

- ਆਪਣੀਆਂ ਇੱਛਾਵਾਂ ਬਾਰੇ ਆਪਣੇ ਪਰਿਵਾਰ ਨਾਲ ਵਿਚਾਰ ਕਰੋ ਤਾਂ ਜੋ ਉਹ ਤੁਹਾਡੇ ਫੈਸਲੇ ਦਾ ਸਤਿਕਾਰ ਕਰ ਸਕਣ।
- ਆਪਣਾ ਫੈਸਲਾ ਰਜਿਸਟਰ ਕਰਨ ਲਈ, ਬੀ ਸੀ ਡੋਨਰ ਰਜਿਸਟਰੀ ਦੇ ਵੈੱਬਸਾਈਟ 'ਤੇ ਜਾਓ: www.eyebankofbc.ca/resources ਅਤੇ "ਬੀ ਸੀ ਡੋਨਰ ਰਜਿਸਟਰੀ" 'ਤੇ ਕਲਿੱਕ ਕਰੋ, ਜਾਂ 1-800-663-6189 'ਤੇ ਫੋਨ ਕਰੋ।

ਵੀ ਜੀ ਐੱਚ ਅਤੇ ਯੂ ਬੀ ਸੀ ਹੌਸਪੀਟਲ ਫਾਉਂਡੇਸ਼ਨ ਰਾਹੀਂ ਆਈ ਬੈਂਕ ਔਫ ਬੀ ਸੀ ਨੂੰ ਮਾਇਆ ਦਾ ਦਾਨ ਦੇਣ ਬਾਰੇ ਵਿਚਾਰ ਕਰੋ।

- www.eyebankofbc.ca 'ਤੇ ਜਾਓ ਅਤੇ ਵੀ ਜੀ ਐੱਚ ਅਤੇ ਯੂ ਬੀ ਸੀ ਫਾਉਂਡੇਸ਼ਨ ਦੇ ਲਿੰਕ 'ਤੇ ਕਲਿੱਕ ਕਰੋ ਜਾਂ 604-875-4676 'ਤੇ ਫੋਨ ਕਰੋ।

## ਆਮ ਪੁੱਛੇ ਜਾਂਦੇ ਸਵਾਲ

**1. ਕੀ ਸਾਰੀ ਅੱਖ ਬਦਲੀ ਜਾਂਦੀ ਹੈ?**
ਨਹੀਂ, ਸਿਰਫ ਅੱਖ ਦਾ ਸਾਹਮਣੇ ਦਾ ਸਾਫ ਹਿੱਸਾ (ਕੌਰਨੀਆ) ਅਤੇ/ਜਾਂ ਅੱਖ ਦਾ ਚਿੱਟਾ ਹਿੱਸਾ (ਸਕਲੇਰਾ) ਟ੍ਰਾਂਸਪਲਾਂਟਸ ਲਈ ਵਰਤਿਆ ਜਾਂਦਾ ਹੈ। ਜੇ ਪਹਿਲਾਂ ਹੀ ਸਹਿਮਤੀ ਦਿੱਤੀ ਹੋਵੇ ਤਾਂ ਅੱਖ ਦੇ ਟ੍ਰਾਂਸਪਲਾਂਟ ਲਈ ਨਾ ਵਰਤੇ ਜਾਣ ਵਾਲੇ ਹਿੱਸੇ ਖੋਜ ਅਤੇ ਸਿੱਖਿਆ ਦੇਣ ਦੇ ਮੰਤਵਾਂ ਲਈ ਵਰਤੇ ਜਾ ਸਕਦੇ ਹਨ। ਇਸ ਨਾਲ ਅੱਖਾਂ ਦੀਆਂ ਬੀਮਾਰੀਆਂ ਦੇ ਭਵਿੱਖ ਦੇ ਇਲਾਜ ਵਿਚ ਮਦਦ ਹੋ ਸਕਦੀ ਹੈ।

**2. ਦਾਨ ਦੇਣ ਤੋਂ ਬਾਅਦ ਵਿਅਕਤੀ ਕਿਸ ਤਰ੍ਹਾਂ ਦਾ ਦਿਖਾਈ ਦੇਵੇਗਾ?**
ਵਿਅਕਤੀ ਕੁਦਰਤੀ ਦਿਖਾਈ ਦੇਵੇਗਾ ਜਿਵੇਂ ਕਿ ਉਹ ਸੁੱਤਾ ਹੋਵੇ। ਕਦੇ ਕਦੇ, ਅੱਖਾਂ ਦੁਆਲੇ ਥੋੜ੍ਹਾ ਜਿਹਾ ਨੀਲ ਪੈ ਸਕਦਾ ਹੈ ਜਾਂ ਥੋੜ੍ਹੀ ਜਿਹੀ ਫੁੱਲੀ ਹੋਈ ਥਾਂ ਹੋ ਸਕਦੀ ਹੈ। ਖੁੱਲ੍ਹੇ ਬਕਸੇ ਨਾਲ ਸਰਵਿਸ ਕਰਨਾ ਸੰਭਵ ਹੈ।

**3. ਕੀ ਪਰਿਵਾਰ ਨੂੰ ਇਹ ਦੱਸਿਆ ਜਾਂਦਾ ਹੈ ਕਿ ਅੱਖ ਦਾ ਟਿਸ਼ੂ ਕਿਸ ਨੂੰ ਮਿਲਿਆ ਹੈ?**
ਨਹੀਂ, ਦਾਨੀ ਅਤੇ ਪ੍ਰਾਪਤ ਕਰਤਾ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ।